5904
5.7.2021

ਜੀ-1
ਮ
06/07/2021

File No. DPISE-EST10COMP/2/2020-ESTABLISHMENT-1-DPISE /2021207986-94

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ. ਸਿੱ.), ਪੰਜਾਬ, ਸ.ਅ.ਸ.ਨਗਰ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ.ਨਗਰ

ਅਮਲਾ-1 ਸ਼ਾਖਾ

adsa1.dpise@gmail.com

**ਅਤਿ ਜ਼ਰੂਰੀ**

ਵੱਲ,

ਜਿਲ੍ਹਾ ਸਿੱਖਿਆ ਅਫਸਰ (ਸੈ. ਸਿ)
ਸ੍ਰੀ ਫਤਹਿਗੜ੍ਹ ਸਾਹਿਬ/ਮੋਗਾ/ ਬਠਿੰਡਾ।

ਮੀਮੋ ਨੰ:-71732

ਮਿਤੀ: 02.07.2021

ਵਿਸ਼ਾ:- ਸ੍ਰੀ ਰੁਪਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ੍ਰੀ ਗੁਰਸੇਵਕ ਸਿੰਘ ਡੀ.ਪੀ.ਈ, ਸ੍ਰੀ ਇੰਦਰਪਾਲ ਸਿੰਘ ਡੀ.ਪੀ.ਈ ਅਤੇ ਸ੍ਰੀ ਗੁਰਪ੍ਰੀਤ ਸਿੰਘ ਡੀ.ਪੀ.ਈ ਸਬੰਧੀ ਵਿਭਾਗ ਦੇ ਮਿਤੀ 04.03.2021 ਰਾਹੀਂ 52,800/-ਰੁਪਏ (ਪ੍ਰਤੀ ਕਰਮਚਾਰੀ)ਰਿਕਵਰੀ ਕਰਨ ਦੇ ਕੀਤੇ ਹੁਕਮਾਂ ਦੇ ਸਬੰਧ ਵਿੱਚ।

ਹਵਾਲਾ:- ਇਸ ਦਫਤਰ ਦੇ ਹੁਕਮ ਨੰ. 71732 ਮਿਤੀ 04.03.2021 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਹੁਕਮ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਸ੍ਰੀ ਰੁਪਿੰਦਰ ਸਿੰਘ ਲੈਕਚਰਾਰ ਸਰੀਰਕ ਸਿੱਖਿਆ, ਮੌਜੂਦਾ ਸ.ਸ.ਸ.ਸ ਕਿਰਤੋਵਾਲ ਕਲਾਂ (ਤਰਨਤਾਰਨ) ਸ੍ਰੀ ਗੁਰਸੇਵਕ ਸਿੰਘ ਡੀ.ਪੀ.ਈ, ਸ.ਸ.ਸ.ਸ ਤਰ੍ਹੀ (ਫਤਹਿਗੜ੍ਹ ਸਾਹਿਬ) ਇੰਦਰਪਾਲ ਸਿੰਘ ਡੀ.ਪੀ.ਈ ਸ.ਸ.ਸ.ਸ ਬੱਧਨੀ ਕਲਾਂ (ਲੜਕੇ) ਮੋਗਾ ਅਤੇ ਸ੍ਰੀ ਗੁਰਪ੍ਰੀਤ ਸਿੰਘ ਡੀ.ਪੀ.ਈ ਸ.ਸ.ਸ.ਸ (ਕੰ) ਗੋਨਿਆਣਾ ਮੰਡੀ (ਬਠਿੰਡਾ) ਨੂੰ ਸਾਲ 2017-18 ਵਿੱਚ ਇੱਕ ਜਿੰਮਵਾਰ ਅਹੁਦੇ ਤੇ ਕੰਮ ਕਰਦੇ ਹੋਏ ਉਸ ਵੱਲੋਂ ਪੰਜਾਬ ਸਕੂਲ ਖੇਡਾਂ ਦੀ ਵੈਬਸਾਈਟ ਚਲਾਉਣ ਲਈ ਸਮੱਰਥ ਅਥਾਰਟੀ ਦੀ ਪ੍ਰਵਾਨਗੀ ਅਤੇ ਬਿਨਾ ਕਿਸੇ ਟੈਂਡਰ ਜਾਂ ਕੁਟੇਸ਼ਨ ਤੋਂ ਇਕ ਪ੍ਰਾਈਵੇਟ ਫਰਮ ਡਾਟਾ ਸਾਫਟ ਟੈਕ ਪ੍ਰ:ਲਿਮਟਿਡ ਲੁਧਿਆਣਾ ਨੂੰ ਇਹ ਮਹੱਤਵਪੂਰਨ ਕੰਮ ਸੋਪਣ ਅਤੇ ਇਸ ਤਰ੍ਹਾ ਸਾਰੇ ਖਿਡਾਰੀਆਂ ਦਾ ਡਾਟਾ ਇੱਕ ਪ੍ਰਾਈਵੇਟ ਫਰਮ ਨੂੰ ਦੇਣ ਕਾਰਨ ਕਰਮਚਾਰੀਆਂ ਨੂੰ ਦੋਸ਼ੀ ਮੰਨਦੇ ਹੋਏ ਸਰਕਾਰ ਨੂੰ ਹੋਏ ਵਿੱਤੀ ਘਾਟੇ ਦੀ ਰਿਕਵਰੀ 52,800/-ਰੁਪਏ (ਪ੍ਰਤੀ ਕਰਮਚਾਰੀ) ਕਰਨ ਅਤੇ ਕਰਮਚਾਰੀ ਤੋਂ ਰਿਕਵਰ ਕੀਤੀ ਗਈ ਰਕਮ ਸਪੋਰਟਸ ਫੰਡ ਤੇ ਸਬੰਧਤ ਖਾਤੇ ਵਿੱਚ ਜਮ੍ਹਾਂ ਕਰਵਾਉਣ ਹੁਕਮ ਕੀਤੇ ਗਏ ਸਨ।

ਉਕਤ ਕੀਤੇ ਹੁਕਮਾਂ ਸਬੰਧੀ ਕਰਮਚਾਰੀਆਂ ਦੇ ਸਕੂਲ ਮੁੱਖੀਆਂ ਵੱਲੋਂ ਇਹ ਲਿਖਿਆ ਗਿਆ ਹੈ ਕਿ ਜੇਕਰ ਤਨਖਾਹ ਵਿੱਚੋਂ ਕਟੌਤੀ ਕੀਤੀ ਜ਼ਾਦੀ ਹੈ ਤਾਂ ਉਹ ਆਰ.ਓ.ਪੀ ਅਧੀਨ ਸਰਕਾਰੀ ਹੈੱਡ ਵਿਚ ਕਰੈਡਿਟ ਹੋ ਜਾਵੇਗੀ, ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਮਾਸਿਕ ਸੈਲਰੀ ਬਿੱਲ ਵਿੱਚ ਸਪੋਰਟਸ ਫੰਡ ਦਾ ਖਾਤਾ ਐਡ ਕਰਕੇ ਕਰਮਚਾਰੀ ਦੀ ਨੈੱਟ ਤਨਖਾਹ ਵਿੱਚੋਂ ਜਿੰਨੀ ਰਕਮ ਦੀ ਰਿਕਵਰੀ ਕੀਤੀ ਜਾਣੀ ਹੈ ਉਹ ਰਾਸ਼ੀ ਸਪੋਰਟਸ ਫੰਡ ਨੂੰ ਕਰੈਡਿਟ ਕੀਤੀ ਜਾਵੇ ਤਾਂ ਸੈਲਰੀ ਬਿੱਲ ਪਾਸ ਹੋਣ ਤੇ ਈ.ਸੀ.ਐਸ ਰਾਹੀ ਸਿੱਧੀ ਸਪੋਰਟਸ ਫੰਡ ਨੂੰ ਕਰੈਡਿਟ ਹੋ ਜਾਵੇਗੀ।

ਉਕਤ ਸਬੰਧੀ ਕਾਰਵਾਈ ਕਰਦੇ ਹੋਏ ਰਿਪੋਰਟ 3 ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜੀ ਜਾਵੇ ਜੀ।

2.7.2021
ਸਹਾਇਕ ਡਾਇਰੈਕਟਰ(ਸੰਪ.-1)

ਪਿੱਠ ਅੰਕਣ ਨੰ: ਉਕਤ

ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਹਾਇਕ ਡਾਇਰੈਕਟਰ ਸੇਵਾਵਾਂ-3 ਸਾਖਾ ਨੂੰ ਭੇਜਦੇ ਹੋਏ ਲਿਖਿਆ ਜਾਦਾ ਹੈ ਕਿ ਸ੍ਰੀ ਰੁਪਿੰਦਰ ਸਿੰਘ (ਸਪੋਰਟਸ ਆਰਗੇਨਾਈਜਰ) ਲੈਕਚਰਾਰ ਫਿਜੀਕਲ ਐਜੂਕੇਸ਼ਨ ਹੁਣ ਸ.ਸ.ਸ.ਸ ਕਿਰਤੋਵਾਲ ਕਲਾਂ (ਤਰਨਤਾਰਨ) ਦੀ ਮੁੱਖ ਦਫਤਰ ਵਿਖੇ ਕੰਮ ਕਰਦੇ ਸਮੇਂ ਦੀ ਰਹਿੰਦੀ ਤਨਖਾਹ ਵਿਚੋ ਬਣਦੀ 52,800/- ਰੁਪਏ ਦੀ ਰਿਕਵਰੀ ਕਰਨ ਉਪਰੰਤ ਰਿਪੋਰਟ ਤੁਰੰਤ ਇਸ ਸਾਖਾ ਨੂੰ ਭੇਜਣੀ ਯਕੀਨੀ ਬਣਾਈ ਜਾਵੇ ਜੀ।
2. ਸੇਵਾਵਾਂ-2 ਸਾਖਾ ਦਫਤਰ ਡੀ.ਪੀ. ਆਈ (ਸੈ.ਸਿ.) ਪੰਜਾਬ ਸ.ਅ.ਸ.ਨਗਰ।
3. ਡਿਪਟੀ ਡਾਇਰੈਕਟਰ ਸਪੋਰਟਸ ਸਾਖਾ ਦਫਤਰ ਡੀ.ਪੀ. ਆਈ (ਸੈ.ਸਿ.) ਪੰਜਾਬ।
4. ਸਬੰਧਤ ਸਕੂਲ ਮੁੱਖੀ।

ਸਹਾਇਕ ਡਾਇਰੈਕਟਰ (ਸਪ.-1)

Scanned with CamScanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਬਠਿੰਡਾ

ਪੱਤਰ ਨੰ. ਈ-1/1 ( )2021/1015 ਮਿਤੀ 05-07-21

ਉਪਰੋਕਤ ਪੱਤਰ ਦੇ ਹਵਾਲਾ ਪ੍ਰਿੰਸੀਪਲ ਸ ਸ ਸ ਸ (ਕ) ਗੋਨਿਆਣਾ (ਬਠਿੰਡਾ) ਦੀ ਤਰਫ਼ ਦੇ ਲਿਖਿਆ ਜਾਂਦਾ ਹੈ ਕਿ ਸ੍ਰੀ ਗੁਰਪ੍ਰੀਤ ਸਿੰਘ ਡੀ.ਪੀ.ਈ ਨੇ ਸਾਲ 2017-18 ਦੌਰਾਨ ਮੈਡੀਕਲ ਵਾਧੂ ਖਰਚੀ ਰਿਕਵਰੀ 52800/- ਅਤੇ ਮਿਤੀ 05/7/21 ਨੂੰ ਸਰਕਾਰੀ ਖਾਤਾ ਵਿੱਚ ਜਮ੍ਹਾਂ ਕਰਵਾ ਦੇ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।

8/7/21

ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)
ਬਠਿੰਡਾ ਮਿ 05/7/21